ਬੈੱਡ ਬਗਜ਼ (ਖਟਮਲ) ਖ਼ਤਮ
647-688-3944

Electrtic Brush or Teeth Whitening
FREE ਮੁਫ਼ਤ
905-458-3344
With Teeth Cleaning & New Patient Exam

Line of Credit
Fix Bad Credit
Get OSAP Loan
905-965-4644

ਮਰਦਾਨਾ ਕਮਜ਼ੋਰੀ
416-992-5489

ਵਕੀਲ ਦੀ ਲੋੜ ?
905-362-0755

ਬੈੱਡ ਬਗਜ਼ (ਖਟਮਲ) ਖ਼ਤਮ
647-688-3944

ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ
647-829-2454

ਸਸਤੀਆਂ ਹਵਾਈ ਟਿਕਟਾਂ
905-595-1700

ਰੂਹ ਦੀ ਖੁਰਾਕ

ਕੰਵਰ ਸੰਦੀਪ ਸਿੰਘ
email:sunnyb@gmail.com
Cell: 1-416-992-5489

ਇਨਸਾਨ ਬਣਨ ਲਈ ਮੇਰੀ ਜੱਦੋਜਹਿਦ !

ਲੋਕ ਸੋਚਦੇ ਹਨ ਕਿ ਕਾਸ਼ ‘ਇਹ’ ਹੋ ਜਾਂਦਾ ਜਾਂ ‘ਉਹ’ ਹੋ ਜਾਂਦਾ ਤਾਂ ਸ਼ਾਇਦ ਉਹ ਖ਼ੁਸ਼ ਹੁੰਦੇ। ‘ਇਹ’ ਜਾਂ ‘ਉਹ’ ਦੋਹੋਂ ਲਗਭਗ ਅਪ੍ਰਸੰਗਿਕ ਹਨ। ਇਹ ਤਾਂ ‘ਜੇਕਰ’ ਹੈ ਜਿਸ ’ਤੇ ਸਾਨੂੰ ਨੇੜਿਓਂ ਨਜ਼ਰ ਰੱਖਣ ਦੀ ਲੋੜ ਹੈ। ਭਾਵੇਂ ਤੁਸੀਂ ਲਾਟਰੀ ਜਿੱਤਣ ਦੀ ਉਮੀਦ ਕਰ ਰਹੇ ਹੋਵੋ ਜਾਂ ਸਮੇਂ ਸਿਰ ਬੱਸ ਆਉਣ ਦੀ, ਭਾਵੇਂ ਤੁਸੀਂ ਚਾਹੁੰਦੇ ਹੋਵੋ ਕਿ ਕੋਈ ਤੁਹਾਨੂੰ ਸਵੇਰ ਵੇਲੇ ਗੁਡ ਮੌਰਨਿੰਗ ਕਹੇ ਜਾਂ ਤੁਹਾਨੂੰ ਦੱਸੇ ਕਿ ਉਹ ਤੁਹਾਨੂੰ ਕਿੰਨਾ ਪਿਆਰ ਕਰਦੇ ਹਨ, ਸੱਚਾਈ ਤਾਂ ਇਹੋ ਹੈ ਕਿ ਤੁਸੀਂ ਕੁਝ ਚਾਹੁੰਦੇ ਹੋ, ਅਤੇ ਤੁਸੀਂ ਆਪਣੀ ਖ਼ੁਸ਼ੀ ਉਸ ਸ਼ਰਤ ਦੀ ਪੂਰਤੀ ’ਤੇ ਨਿਰਭਰ ਕਰ ਰਹੇ ਹੋ। ਹੁਣ ਆਪਣੀ ਨਿੱਜੀ ਜ਼ਿੰਦਗੀ ’ਚ ਖ਼ੁਦ ਨੂੰ ਕਿਸੇ ਫ਼ਿਰੌਤੀ ਜਾਂ ਜਬਰੀ ਵਸੂਲੀ ਦੇ ਆਸਰੇ ’ਤੇ ਨਾ ਛੱਡੋ।

ਦਲੀਲਾਂ ਜਿੱਤਣ ਵਾਲੇ ਲੋਕ ਅਕਸਰ ਉਹ ਹੁੰਦੇ ਹਨ ਜੋ ਜੀਵਨ ’ਚ ਹਾਰੇ ਹੋਏ ਕਹਿਲਾਉਂਦੇ ਹਨ! ਅਸਲੀ ਜੇਤੂ ਛੋਟੇ-ਮੋਟੇ ਅੰਕੜਿਆਂ ’ਚ ਜਿੱਤਾਂ ਹਾਸਿਲ ਕਰਨ ’ਚ ਆਪਣੀ ਕੀਮਤੀ ਊਰਜਾ ਬਰਬਾਦ ਕਰਨ ਨਾਲੋਂ ਬਿਹਤਰ ਜਾਣਦੇ ਨੇ। ਉਨ੍ਹਾਂ ਨੂੰ ਇਸ ਗੱਲ ਦੀ ਸਪੱਸ਼ਟ ਸਮਝ ਹੁੰਦੀ ਹੈ ਕਿ ਤਰਕਸ਼ੀਲ ਜ਼ਿੱਦ ਨਾਲ ਬੌਧਿਕ ਵਿਰੋਧ ਦੇ ਦਰਵਾਜ਼ਿਆਂ ਨੂੰ ਬਾਰ-ਬਾਰ ਖੜਕਾਉਣ ਨਾਲੋਂ ਸਹਿਮਤੀ ’ਤੇ ਨਿਰਮਾਣ ਕਰਨਾ ਕਿੰਨੀ ਜ਼ਿਆਦਾ ਸੂਝਵਾਨ ਗੱਲ ਹੈ। ਆਸਮਾਨ ਤੁਹਾਨੂੰ ਮਹੱਤਵਪੂਰਣ ਸਫ਼ਲਤਾਵਾਂ ਪ੍ਰਦਾਨ ਕਰ ਸਕਦਾ ਹੈ ਬਸ਼ਰਤੇ ਤੁਸੀਂ ਹੇਠ ਦਿੱਤੇ ਸਿਧਾਂਤ ਦਾ ਸਤਿਕਾਰ ਕਰਦੇ ਰਹੋ: ਮਤਭੇਦਾਂ, ਵਿਵਾਦਾਂ ਅਤੇ ਅਸਹਿਮਤੀ ’ਤੇ ਧਿਆਨ ਕੇਂਦ੍ਰਿਤ ਨਾ ਕਰੋ। ਉਸ ਦੀ ਬਜਾਏ ਸਾਂਝੇ ਬਿੰਦੂਆਂ ਅਤੇ ਸਹਿਯੋਗ ਕਰਨ ਦੇ ਕਾਰਨਾਂ ਦੀ ਭਾਲ ਕਰੋ।

“ਹਮੇਸ਼ਾ-ਹਮੇਸ਼ਾ ਲਈ ਖ਼ੁਸ਼” ਰਹਿਣ ਵਾਲੇ ਵਾਕ ਕੇਵਲ ਬਿਰਤਾਂਤਕ ਯੰਤਰ ਹਨ - ਇਹ ਕਿਸੇ ਕਹਾਣੀਕਾਰ ਦਾ ਸਿਰਫ਼ ਇਹ ਕਹਿਣ ਦਾ ਇੱਕ ਤਰੀਕਾ ਹੁੰਦੈ, “ਸੱਜਣੋ, ਹੁਣ ਲਈ ਬੱਸ ਇੰਨਾ ਹੀ।” ਜਿੰਨਾ ਚਿਰ ਜ਼ਿੰਦਗੀ ਚੱਲਦੀ ਹੈ, ਪਰੀ ਕਹਾਣੀਆਂ ਚੱਲਦੀਆਂ ਰਹਿੰਦੀਆਂ ਹਨ, ਚੁਣੌਤੀਆਂ ਆਉਂਦੀਆਂ ਰਹਿੰਦੀਆਂ ਹਨ ਅਤੇ ਟਕਰਾਅ ਪੈਦਾ ਹੁੰਦੇ ਰਹਿੰਦੇ ਨੇ। ਇਸ ਲਈ ਜੇਕਰ ਅਸੀਂ ਸਦੀਵੀ ਖ਼ੁਸ਼ੀ ਦਾ ਸੱਚਾ ਸੁਆਦ ਚਾਹੁੰਦੇ ਹਾਂ ਤਾਂ ਸਾਡਾ ਇੱਕੋ ਇੱਕ ਵਿਕਲਪ ਇਹ ਹੈ ਕਿ ਅਸੀਂ ਦਰਪੇਸ਼ ਮੌਜੂਦਾ ਪਰੇਸ਼ਾਨੀਆਂ ਦਾ ਸਵਾਗਤ ਉਸ ਕਿਸਮ ਦੇ ਦਾਰਸ਼ਨਿਕ ਆਤਮ-ਸੰਜਮ ਨਾਲ ਕਰੀਏ ਜੋ ਨਿਮਰਤਾਪੂਰਵਕ ਸ਼ੁਕਰਗੁਜ਼ਾਰੀ ’ਤੇ ਨਿਰਭਰ ਕਰਦਾ ਹੋਵੇ! ਹੋ ਸਕਦੈ ਕਿ ਉਹ ਸੰਪੂਰਣ ਨਾ ਹੋਵੇ, ਪਰ ਘੱਟੋ ਘੱਟ ਇਹ ਜ਼ਿੰਦਗੀ ਤਾਂ ਹੈ! ਇਸੇ ਨੂੰ ਆਪਣਾ ਸ਼ੁਰੂਆਤੀ ਬਿੰਦੂ ਬਣਾਓ, ਅਤੇ ਤੁਹਾਡੇ ਕੋਲ ਖ਼ੁਸ਼ ਹੋਣ ਲਈ ਇਸ ਤੋਂ ਕਿਤੇ ਵੱਧ ਹੋ ਸਕਦੈ।

ਦੋ ਜਮ੍ਹਾਂ ਦੋ ਚਾਰ ਦੇ ਬਰਾਬਰ ਹਨ। ਅਸੀਂ ਸਾਰੇ ਹੀ ਇਸ ਨੂੰ ਸਮਝਦੇ ਹਾਂ ਕਿ ਇਹ ਇੱਕ ਤਰਕਪੂਰਣ ਗੱਲ ਹੈ। ਇਸ ਮੁੱਦੇ ਬਾਰੇ ਬਹਿਸ ਕਰਨ ਲਈ ਕੁਝ ਵੀ ਨਹੀਂ, ਅਤੇ ਨਾ ਹੀ ਇਹ ਕੋਈ ਵਿਅਕਤੀਗਤ ਟਿੱਪਣੀ ਹੈ। ਇਹ ਇਸ ਗੱਲ ’ਤੇ ਨਿਰਭਰ ਨਹੀਂ ਕਰਦਾ ਕਿ ਤੁਸੀਂ ਕਿਵੇਂ ਮਹਿਸੂਸ ਕਰ ਰਹੇ ਹੋ ਜਾਂ ਸਾਲ ਦਾ ਇਹ ਕਿਹੜਾ ਮਹੀਨਾ ਚੱਲ ਰਿਹਾ ਹੈ, ਅਤੇ ਇਸ ਗੱਲ ’ਤੇ ਵੀ ਨਹੀਂ ਕਿ ਕਿਸੇ ਰੈਂਡਮ ’ਚ ਪ੍ਰਚਾਰੇ ਗਏ ਮੁੱਦੇ ਨਾਲ ਜ਼ਿਆਦਾਤਰ ਲੋਕ ਸਹਿਮਤ ਹਨ ਜਾਂ ਨਹੀਂ। ਇਸ ਗੱਲ ਨਾਲ ਤੁਹਾਨੂੰ ਕਾਫ਼ੀ ਤਸੱਲੀ ਮਿਲੀ ਹੋਣੀ ਹੈ। ਜਾਂ ਸ਼ਾਇਦ ਤੁਸੀਂ ਇਸ ਗੱਲ ਨਾਲ ਕਿਸੇ ਭੰਬਲਭੂਸੇ ’ਚ ਫ਼ੱਸ ਗਏ ਹੋਵੋਗੇ। ਸਮਾਜ ਸਾਨੂੰ ਇਹ ਕਲਪਨਾ ਕਰਨ ਲਈ ਮਜਬੂਰ ਕਰਦੈ ਕਿ ਇਹ ਦੁਨੀਆਂ ਅਜਿਹੀਆਂ ਚੀਜ਼ਾਂ ਨਾਲ ਭਰੀ ਪਈ ਹੈ ਜਿਨ੍ਹਾਂ ਨੂੰ ਆਸਾਨੀ ਨਾਲ ਮਾਪਿਆ, ਗਿਣਿਆ ਅਤੇ ਸਮਝਾਇਆ ਜਾ ਸਕਦੈ। ਹਾਲਾਂਕਿ, ਕੁਝ ਚੀਜ਼ਾਂ ਸਮਝਣ ਦੀਆਂ ਸਾਡੀਆਂ ਸਾਰੀਆਂ ਕੋਸ਼ਿਸ਼ਾਂ ਨੂੰ ਅਸਫ਼ਲ ਕਰ ਦਿੰਦੀਆਂ ਹਨ। ਆਪਣੀ ਨਿੱਜੀ ਜ਼ਿੰਦਗੀ ’ਚ ਇਸ ਬਾਰੇ ਦਾਰਸ਼ਨਿਕ ਬਣੋ।

ਤੁਸੀਂ ਜਨਮ ਤੋਂ ਹੀ ਅਜਿਹੇ ਦ੍ਰਿਸ਼ਟੀਕੋਣ, ਸੂਝ, ਵਿਚਾਰ ਅਤੇ ਸਮਝ ਰੱਖਣ ਦੀ ਯੋਗਤਾ ਨਾਲ ਨਿਵਾਜ਼ੇ ਗਏ ਹੋ ਜਿਸ ਦੀ ਦੂਸਰੇ ਲੋਕ ਕਲਪਨਾ ਵੀ ਨਹੀਂ ਕਰ ਸਕਦੇ। ਉਹ ਉਨ੍ਹਾਂ ਦੀ ਸੋਚ ਤੋਂ ਹੀ ਪਰੇ ਹੈ ਜਿਸ ਡੂੰਘਾਈ ਨਾਲ ਤੁਸੀਂ ਇਸ ਦਾ ਅਨੁਭਵ ਕਰਦੇ ਹੋ। ਪਰ - ਜਿਵੇਂ ਸਾਰੇ ਤੋਹਫ਼ਿਆਂ, ਸਾਰੀਆਂ ਪ੍ਰਤਿਭਾਵਾਂ ਜਾਂ ਸੰਪਤੀਆਂ ਦੇ ਨਾਲ ਹੁੰਦਾ ਹੀ ਹੈ - ਇਸ ’ਚ ਵੀ ਇੱਕ ਸੰਭਾਵੀ ਨੁਕਸਾਨ ਹੈ, ਇੱਕ ਕੀਮਤ ਜੋ ਤੁਹਾਨੂੰ ਦੁਨੀਆਂ ਵਿੱਚ ਜਾਂ ਆਪਣੇ ਦਿਲ ’ਚ ਅਦਾ ਕਰਨੀ ਪੈ ਸਕਦੀ ਹੈ। ਆਪਣੀ ਭਾਵਨਾਤਮਕ ਅਤੇ ਨਿੱਜੀ ਜ਼ਿੰਦਗੀ ’ਚ ਤੁਸੀਂ ਹੁਣ ਇੱਕ ਡੂੰਘੇ, ਪ੍ਰਤੀਬਿੰਬਤ ਪੜਾਅ ’ਚੋਂ ਲੰਘ ਰਹੇ ਹੋ। ਤੁਸੀਂ ਇਸ ਸਭ ’ਚੋਂ ਵਧੇਰੇ ਬੁੱਧੀਮਾਨ, ਮਜ਼ਬੂਤ, ਪਹਿਲਾਂ ਨਾਲੋਂ ਕਿਤੇ ਜ਼ਿਆਦਾ ਖ਼ੁਸ਼ਹਾਲ ਹੋ ਕੇ ਉਭਰੋਗੇ।

Trump ਦੀਆਂ ਧਮਕੀਆਂ ਮਗਰੋਂ ਅੰਡਰਗ੍ਰਾਊਂਡ ਹੋਇਆ ਖ਼ਾਮਨੇਈ

ਤਹਿਰਾਨ: ਅਮਰੀਕਾ ਅਤੇ ਈਰਾਨ ਵਿਚਾਲੇ ਵਧਦੇ ਤਨਾਅ ਦਰਮਿਆਨ ਈਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖ਼ਾਮਨੇਈ ਨੇ 37 ਸਾਲ ਪੁਰਾਣੀ ਹਵਾਈ ਫ਼ੌਜ ਦੇ ਕਮਾਂਡਰਾਂ ਦੀ ਸਾਲਾਨਾ ਬੈਠਕ ’ਚ ਪਹਿਲੀ ਵਾਰ ਹਿੱਸਾ ਨਹੀਂ ਲਿਆ। ਹਰ ਸਾਲ 8 ਫ਼ਰਵਰੀ ਨੂੰ ਆਯੋਜਿਤ ਹੋਣ ਵਾਲੀ ਇਸ ਬੈਠਕ ’ਚ 1989 ਤੋਂ ਖ਼ਾਮਨੇਈ ਸ਼ਾਮਿਲ ਹੁੰਦੇ ਰਹੇ ਹਨ।

ਈਰਾਨ ਇੰਟਰਨੈਸ਼ਨਲ ਦੀ ਰਿਪੋਰਟ ਅਨੁਸਾਰ ਇਸ ਸਾਲ ਖ਼ਾਮਨੇਈ ਦੀ ਜਗ੍ਹਾ ਹਥਿਆਰਬੰਦ ਫ਼ੌਜਾਂ ਦੇ ਚੀਫ਼ ਔਫ਼ ਸਟਾਫ਼ ਅਬਦੋਲਰਹੀਮ ਮੂਸਾਵੀ ਨੇ ਹਵਾਈ ਫ਼ੌਜ ਦੇ ਕਮਾਂਡਰਾਂ ਨਾਲ ਮੁਲਾਕਾਤ ਕੀਤੀ। ਇਹ ਗ਼ੈਰ-ਹਾਜ਼ਰੀ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦੀਆਂ ਲਗਾਤਾਰ ਧਮਕੀਆਂ ਅਤੇ ਖੇਤਰ ’ਚ ਵਧਦੀ ਫ਼ੌਜੀ ਮੌਜੂਦਗੀ ਦਰਮਿਆਨ ਸਹਮਣੇ ਆਈ ਹੈ ਜਿਸ ਨਾਲ ਸੰਭਾਵੀ ਫ਼ੌਜੀ ਹਮਲੇ ਦਾ ਖ਼ਤਰਾ ਮਹਿਸੂਸ ਕੀਤਾ ਗਿਆ।

ਜ਼ਿਕਰਯੋਗ ਹੈ ਕਿ 8 ਫ਼ਰਵਰੀ ਦੀ ਬੈਠਕ ਈਰਾਨੀ ਹਵਾਈ ਫ਼ੌਜ ਲਈ ਇਤਿਹਾਸਕ ਮਹੱਤਵ ਰੱਖਦੀ ਹੈ। ਇਹ ਦਿਨ 1979 ’ਚ ਪਹਿਲਵੀ ਰਾਜਵੰਸ਼ ਦੇ ਪਤਨ ਅਤੇ ਰੂਹੁੱਲਾ ਖ਼ੁਮੈਨੀ ਦੀ ਪ੍ਰਤਿਗਿਆ ਦੀ ਵਰ੍ਹੇਗੰਢ ਨਾਲ ਜੁੜਿਆ ਹੋਇਆ ਹੈ।

ਇਸ ਦਰਮਿਆਨ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ 11 ਫ਼ਰਵਰੀ ਨੂੰ ਵਾਸ਼ਿੰਗਟਨ ’ਚ ਟਰੰਪ ਨਾਲ ਮੁਲਾਕਾਤ ਕਰਨਗੇ।

ਇਸ ਦੌਰਾਨ ਉਨ੍ਹਾਂ ਦੀ ਗੱਲਬਾਤ ਦਾ ਏਜੰਡਾ ਈਰਾਨ ਨਾਲ ਗੱਲਬਾਤ ’ਚ ਬੈਲਿਸਟਿਕ ਮਿਜ਼ਾਈਲਾਂ ’ਤੇ ਰੋਕ ਅਤੇ ਈਰਾਨੀ ਸਹਿਯੋਗੀ ਧੜਿਆਂ ਦੇ ਸਮਰਥਨ ਨੂੰ ਖ਼ਤਮ ਕਰਨ ਦੀਆਂ ਸ਼ਰਤਾਂ ’ਤੇ ਕੇਂਦ੍ਰਿਤ ਹੋਵੇਗਾ। ਈਰਾਨ ਦੀ ਇਸ ਗ਼ੈਰ-ਹਾਜ਼ਰੀ ਨੇ ਖੇਤਰ ’ਚ ਤਨਾਅ ਵਧਾ ਦਿੱਤਾ ਹੈ ਅਤੇ ਵਿਸ਼ਵ ਭਾਈਚਾਰੇ ਦੀਆਂ ਨਜ਼ਰਾਂ ਇਸ ’ਤੇ ਟਿਕੀਆਂ ਹੋਈਆਂ ਹਨ।

Home Care Workers
ਅਤੇ Nanies ਲਈ PR
416-848-3930

Line of Credit
Fix Bad Credit
Get OSAP Loan
905-965-4644

ਦੰਦ ਲਗਵਾਓ
FREE ਮੁਫ਼ਤ
905-458-3344
With CDCP

ਮਰਦਾਨਾ ਕਮਜ਼ੋਰੀ
416-992-5489

12 Beds, 7 Baths
For 24 Guests
905-965-4644

T20 World Cup ’ਚ ਹੁਣ ਇੱਕ ਨਹੀਂ ਸਗੋਂ ਦੋ ਵਾਰ ਭਿੜਨਗੇ India-Pak

ਲਾਹੌਰ: ਕ੍ਰਿਕਟ ਪ੍ਰੇਮੀਆਂ ਲਈ ਇੱਕ ਬਹੁਤ ਹੀ ਖ਼ੁਸ਼ੀ ਦੀ ਖ਼ਬਰ ਸਾਹਮਣੇ ਆਈ ਹੈ। T20 World Cup 2026 ’ਚ ਭਾਰਤ ਅਤੇ ਪਾਕਿਸਤਾਨ ਵਿਚਾਲੇ ਸਿਰਫ਼ ਇੱਕ ਨਹੀਂ ਸਗੋਂ ਦੋ ਵਾਰ ਟੱਕਰ ਹੋਣ ਦੀ ਸੰਭਾਵਨਾ ਬਣ ਰਹੀ ਹੈ। ਭਾਵੇਂ ਪਹਿਲਾਂ ਇਸ ਮੁਕਾਬਲੇ ਦੇ ਹੋਣ ’ਤੇ ਸੰਦੇਹ ਜਤਾਇਆ ਜਾ ਰਿਹਾ ਸੀ, ਪਰ ਹੁਣ ਇਨ੍ਹਾਂ ਦੋ ਰਵਾਇਤੀ ਵਿਰੋਧੀਆਂ ਵਿਚਾਲੇ ਡਬਲ ਰੋਮਾਂਚ ਦੇਖਣ ਨੂੰ ਮਿਲ ਸਕਦਾ ਹੈ। ਇਸ ਦੇ ਨਾਲ ਹੀ ICC ਦੇ ਦਬਾਅ ਅੱਗੇ ਝੁਕਦਿਆਂ ਪਾਕਿਸਤਾਨ ਨੇ ਟੂਰਨਾਮੈਂਟ ’ਚ ਭਾਰਤ ਨਾਲ ਖੇਡਣ ਲਈ ਸਹਿਮਤੀ ਦੇ ਦਿੱਤੀ ਹੈ।

ਭਾਰਤ ਅਤੇ ਪਾਕਿਸਤਾਨ ਵਿਚਾਲੇ ਪਹਿਲਾ ਮੁਕਾਬਲਾ 15 ਫ਼ਰਵਰੀ 2026 ਨੂੰ ਕੋਲੰਬੋ ਦੇ ਪ੍ਰੇਮਦਾਸਾ ਸਟੇਡੀਅਮ ’ਚ ਖੇਡਿਆ ਜਾਵੇਗਾ। ਇਹ ਮੁਕਾਬਲਾ ਗਰੁੱਪ ਸਟੇਜ ਦਾ ਹੋਵੇਗਾ। ਦੱਸ ਦੇਈਏ ਕਿ ਟੂਰਨਾਮੈਂਟ ’ਚ ਕੁੱਲ 20 ਟੀਮਾਂ ਨੂੰ ਚਾਰ ਗਰੁੱਪਾਂ ’ਚ ਵੰਡਿਆ ਗਿਆ ਹੈ, ਅਤੇ ਹਰ ਗਰੁੱਪ ’ਚ ਪੰਜ-ਪੰਜ ਟੀਮਾਂ ਸ਼ਾਮਿਲ ਹਨ। ਭਾਰਤ ਅਤੇ ਪਾਕਿਸਤਾਨ ਦੋਵੇਂ ਹੀ Group A ਦਾ ਹਿੱਸਾ ਹਨ। ਗਰੁੱਪ ਸਟੇਜ ਤੋਂ ਬਾਅਦ ਸੁਪਰ-8 ਦੇ ਮੁਕਾਬਲੇ ਸ਼ੁਰੂ ਹੋਣਗੇ ਜਿੱਥੇ ਹਰ ਗਰੁੱਪ ਦੀਆਂ ਟੌਪ-2 ਟੀਮਾਂ ਨੂੰ ਉਨ੍ਹਾਂ ਦੀ ਰੈਂਕਿੰਗ ਦੇ ਆਧਾਰ ’ਤੇ ਦੋ ਵੱਖ-ਵੱਖ ਗਰੁੱਪਾਂ ’ਚ ਵੰਡਿਆ ਜਾਵੇਗਾ। ਜੇਕਰ ਭਾਰਤ ਅਤੇ ਪਾਕਿਸਤਾਨ ਆਪਣੇ-ਆਪਣੇ ਸੁਪਰ-8 ਗਰੁੱਪਾਂ ’ਚੋਂ ਸੈਮੀਫ਼ਾਈਨਲ ’ਚ ਪਹੁੰਚਣ ’ਚ ਕਾਮਯਾਬ ਰਹਿੰਦੇ ਹਨ ਤਾਂ ਉੱਥੇ ਉਨ੍ਹਾਂ ਦੇ ਭਿੜਨ ਦੇ ਪੂਰੇ ਆਸਾਰ ਬਣ ਸਕਦੇ ਹਨ।

ਜੇਕਰ ਭਾਰਤ ਆਪਣੇ ਸੁਪਰ-8 ਗਰੁੱਪ ’ਚੋਂ ਟੌਪ ’ਤੇ ਰਹਿੰਦਾ ਹੈ, ਅਤੇ ਪਾਕਿਸਤਾਨ ਦੂਜੇ ਗਰੁੱਪ ’ਚੋਂ ਸੈਮੀਫ਼ਾਈਨਲ ’ਚ ਪਹੁੰਚਣ ਵਾਲੀ ਦੂਜੀ ਟੀਮ ਬਣਦੀ ਹੈ ਤਾਂ ਉਹ ਸੈਮੀਫ਼ਾਈਨਲ ’ਚ ਆਹਮੋ-ਸਾਹਮਣੇ ਹੋ ਸਕਦੇ ਹਨ। ਜੇਕਰ ਦੋਵੇਂ ਟੀਮਾਂ ਆਪਣੇ-ਆਪਣੇ ਸੁਪਰ-8 ਗਰੁੱਪਾਂ ’ਚ ਟੌਪ ’ਤੇ ਰਹਿੰਦੀਆਂ ਹਨ ਤਾਂ ਪ੍ਰਸ਼ੰਸਕਾਂ ਨੂੰ ਉਨ੍ਹਾਂ ਵਿਚਾਲੇ ਫ਼ਾਈਨਲ ’ਚ ਇੱਕ ਇਤਿਹਾਸਕ ਭੇੜ ਦੇਖਣ ਨੂੰ ਮਿਲ ਸਕਦਾ ਹੈ। ਇਸ ਖ਼ਬਰ ਨੇ ਦੁਨੀਆਂ ਭਰ ਦੇ ਕ੍ਰਿਕਟ ਪ੍ਰਸ਼ੰਸਕਾਂ ’ਚ ਭਾਰੀ ਉਤਸ਼ਾਹ ਭਰ ਦਿੱਤਾ ਹੈ ਕਿਉਂਕਿ ਹੁਣ 15 ਫ਼ਰਵਰੀ ਤੋਂ ਬਾਅਦ ਵੀ ਭਾਰਤ-ਪਾਕਿ ਮੁਕਾਬਲੇ ਦੀ ਉਮੀਦ ਬਰਕਰਾਰ ਰਹੇਗੀ।

ਲੀਗਲ ਸੇਵਾਵਾਂ
905-913-2355

ਦੰਦਾਂ ਦੀ ਸਫ਼ਾਈ
FREE ਮੁਫ਼ਤ
905-458-3344
With CDCP

ਇੰਡੀਅਨ ਵੀਜ਼ਾ
OCI & Passport
Renewal
514-389-7070

ਦੰਦਾਂ ਦੀ ਦੇਖਭਾਲ
647-625-7205

ਸਸਤੀਆਂ ਹਵਾਈ ਟਿਕਟਾਂ
24/7 SERVICE
905-456-9977

ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ
647-829-2454

ਇੰਡੀਆ ਵਿੱਚ ਜਾਇਦਾਦ ਵੇਚੋ
ਪੈਸੇ ਕੈਨੇਡਾ ਮੰਗਵਾਓ
Buy/Sell US Dollars
416-731-7710

ਲੀਗਲ ਸੇਵਾਵਾਂ
905-913-2355

ਮਰਦਾਨਾ ਕਮਜ਼ੋਰੀ
416-992-5489